*ਛੂਤ ਵਾਲ਼ੇ ਰੋਗ ਦੀ ਤੱਥ-ਸ਼ੀਟ*

# ਹੈਮੋਫ਼ਿਲਸ ਇਨਫ਼ਲੂਐਂਜ਼ਾ – ਕਿਸਮ ਬੀ (Hib) ਹਿੱਬ ਰੋਗ

***Hib ਬੈਕਟੀਰੀਆ ਰਾਹੀਂ ਲੱਗਣ ਵਾਲ਼ੀ ਛੂਤ ਨਾਲ਼ ਦਿਮਾਗ਼ ਦੀ ਝਿੱਲੀ ਦੀ ਸੋਜ (meningitis) ਅਤੇ ਘੰਡੀ-ਢੱਕਣ ਦੀ ਸੋਜ (epiglottitis) ਸਮੇਤ ਗੰਭੀਰ ਕਿਸਮ ਦੇ ਰੋਗ ਲੱਗ ਸਕਦੇ ਹਨ। Hib ਵੈਕਸੀਨ ਦੇ ਆਉਣ ਨਾਲ਼ ਅਜਿਹੀਆਂ ਸਥਿਤੀਆਂ ਹੁਣ ਬਹੁਤ ਹੀ ਘੱਟ ਰਹਿ ਗਈਆਂ ਹਨ। ਇਸ ਦਾ ਤੁਰੰਤ ਇਲਾਜ ਜ਼ਰੂਰੀ ਹੁੰਦਾ ਹੈ ਕਿਉਂਕਿ Hib ਰੋਗ ਨਾਲ਼ ਜੀਵਨ ਨੂੰ ਖ਼ਤਰਾ ਹੋ ਸਕਦਾ ਹੈ।***

## Hib ਰੋਗ ਕੀ ਹੈ?

Hib ਰੋਗ *ਹੈਮੋਫ਼ਿਲਸ ਇਨਫ਼ਲੂਐਂਜ਼ੇ (Haemophilus influenzae)* ਕਿਸਮ ਦੇ ਬੀ ਬੈਕਟੀਰੀਆ ਨਾਲ਼ ਹੁੰਦਾ ਹੈ।

ਇਸ ਛੂਤ ਨਾਲ਼ ਇਹ ਰੋਗ ਹੋ ਸਕਦੇ ਹਨ

- ਮੈਨਿਨਜਾਇਟਿਸ (Meningitis ਭਾਵ ਦਿਮਾਗ਼ ਅਤੇ ਰੀੜ੍ਹ ਦੀ ਹੱਡੀ ਦੁਆਲੇ ਦੀਆਂ ਝਿੱਲੀਆਂ ਦੀ ਛੂਤ)
- ਐਪੀਗਲੌਟਾਈਟਿਸ (Epiglottitis ਭਾਵ ਗਲ਼ ਦੇ ਪਿਛਲੇ ਪਾਸੇ ਘੰਡੀ ਦੀ ਤੀਬਰ ਸੋਜ)
- ਨਿਮੋਨੀਆ (Pneumonia ਭਾਵ ਫੇਫੜਿਆਂ ਦੀ ਛੂਤ)
- ਔਸਟੀਓਮਾਈਲਾਈਟਿਸ (Osteomyelitis ਭਾਵ ਹੱਡੀਆਂ ਅਤੇ ਜੋੜਾਂ ਦੀ ਛੂਤ)
- ਸੈਲਿਯੁਲਾਈਟਿਸ (Cellulitis ਭਾਵ ਚਮੜੀ ਦੇ ਹੇਠਾਂ, ਆਮ ਤੌਰ ਉਤੇ ਚਿਹਰੇ ਉਤੇ ਉਤਕਾਂ ਦੀ ਛੂਤ)

ਇਹ ਸਥਿਤੀਆਂ ਤੇਜ਼ੀ ਨਾਲ ਵਿਕਸਤ ਹੋ ਸਕਦੀਆਂ ਹਨ, ਅਤੇ meningitis ਤੇ epiglottitis ਕਈ ਵਾਰ ਘਾਤਕ ਹੋ ਸਕਦੇ ਹਨ (ਹੋਰ ਕੀਟਾਣੂ ਵੀ ਇਨ੍ਹਾਂ ਬਿਮਾਰੀਆਂ ਦੇ ਕਾਰਣ ਬਣ ਸਕਦੇ ਹਨ)। ਇੱਥੇ ਕੁੱਝ ਹੋਰ ਕਿਸਮ ਦੇ ਐਚ. *ਇਨਫ਼ਲੂਐਂਜ਼ੇ* ਬੈਕਟੀਰੀਆ (ਕਿਸਮ ਬੀ ਤੋਂ ਇਲਾਵਾ, ਪਰ ਇਹ ਬਿਮਾਰੀਆਂ ਦੇ ਹਮਲੇ ਨਾਲ ਨਹੀਂ ਜੁੜੇ ਹੋਏ) ਹਨ। Hib ਛੂਤਾਂ ਹੁਣ ਬਿਲਕੁਲ ਘੱਟ ਪਾਈਆਂ ਜਾਂਦੀਆਂ ਹਨ। Hib ਵੈਕਸੀਨ ਦੇ ਸ਼ੁਰੂ ਹੋਣ ਤੋਂ ਪਹਿਲਾਂ, ਪੰਜ ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ meningitis ਰੋਗ ਦਾ ਵੱਡਾ ਕਾਰਣ ਹੁੰਦਾ ਸੀ।

## ਇਸ ਦੇ ਲੱਛਣ ਕੀ ਹਨ?

ਲੱਛਣ ਇਸ ਗੱਲ ’ਤੇ ਨਿਰਭਰ ਹੁੰਦੇ ਹਨ ਕਿ ਸਰੀਰ ਦਾ ਕਿਹੜਾ ਹਿੱਸਾ ਛੂਤ ਤੋਂ ਗ੍ਰਸਤ ਹੈ।

- **Meningitis** – ਬੁਖ਼ਾਰ, ਸਿਰ ਦਰਦ, ਗਰਦਨ ਵਿਚ ਅਕੜਾਅ, ਜੀਅ ਮਿਤਲਾਉਣਾ, ਉਲਟੀਆਂ ਅਤੇ ਸੁਸਤੀ
- **Pneumonia** – ਸਾਹ ਘੁੱਟਣਾ, ਬੁਖ਼ਾਰ, ਕਮਜ਼ੋਰੀ ਮਹਿਸੂਸ ਕਰਨਾ, ਭੁੱਖ ਨਾ ਲੱਗਣੀ, ਸਿਰ ਦਰਦ, ਛਾਤੀ ਵਿੱਚ ਦਰਦ ਤੇ ਖੰਘ
- **Epiglottitis** – ਸਾਹ ਅਤੇ ਖਾਣਾ ਨਿਗਲਣ ਵਿੱਚ ਔਖ, ਪਿਲੱਤਣ ਅਤੇ ਬੁਖ਼ਾਰ
- **Osteomyelitis** – ਪੀੜਤ ਹੱਡੀ ਉਤੇ ਸੋਜ, ਜਲਣ ਅਤੇ ਦਰਦ

## ਇਹ ਕਿਵੇਂ ਫੈਲਦਾ ਹੈ?

Hib ਬੈਕਟੀਰੀਆ ਸਿਹਤਮੰਦ ਵਿਅਕਤੀਆਂ ਦੇ ਗਲੇ ਵਿੱਚ ਬਿਨਾਂ ਕਿਸੇ ਨੁਕਸਾਨ ਦੇ ਰਹਿ ਸਕਦੇ ਹਨ। ਇਹ ਬੈਕਟੀਰੀਆ ਆਮ ਘਰਾਂ ਵਰਗੇ ਵਾਤਾਵਰਣ ਵਿੱਚ, ਕਿਸੇ ਛੂਤਗ੍ਰਸਤ ਵਿਅਕਤੀ ਦੇ ਨੱਕ ਜਾਂ ਗਲ਼ੇ 'ਚੋਂ ਨਿੱਕਲਣ ਵਾਲ਼ੀਆਂ ਬੂੰਦਾਂ ਦੇ ਸੰਪਰਕ ਰਾਹੀਂ ਫੈਲਦਾ ਹੈ। ਬੈਕਟੀਰੀਆ ਫੈਲਾਉਣ ਵਾਲੇ ਕਿਸੇ ਵਿਅਕਤੀ ਵਿੱਚ ਜ਼ਰੂਰੀ ਨਹੀਂ ਕਿ ਇਹ ਲੱਛਣ ਵਿਖਾਈ ਦਿੰਦੇ ਹੋਣ।

## ਜੋਖਮ ਜਾਂ ਖ਼ਤਰੇ ਵਿੱਚ ਕੌਣ ਹੈ?

ਜਿਹੜੇ ਵਿਅਕਤੀਆਂ ਨੂੰ ਛੂਤ ਦਾ ਸਭ ਤੋਂ ਵੱਧ ਖ਼ਤਰਾ ਰਹਿੰਦਾ ਹੈ ਉਨ੍ਹਾਂ ਵਿੱਚ ਇਹ ਸ਼ਾਮਲ ਹਨ:

- ਪੰਜ ਸਾਲਾਂ ਤੋਂ ਘੱਟ ਉਮਰ ਦੇ ਬੱਚੇ
- ਮੂਲ ਵਾਸੀ (Aboriginal) ਅਤੇ ਟੋਰੈਸ ਸਟਰੈਟ ਆਈਲੈਂਡਰ (Torres Strait Islander) ਬੱਚੇ
- ਹੋਰ ਬਿਮਾਰੀ ਵਾਲੀਆਂ ਸਥਿਤੀਆਂ ਜਿਵੇਂ ਕਿ ਸਿਕਲ ਸੈਲ ਰੋਗ, ਐਚ ਆਈ ਵੀ/ਏਡਜ਼, ਗ਼ੈਰ-ਕਾਰਜਸ਼ੀਲ ਤਿੱਲੀ, ਇੱਕ ਬੋਨ ਮੈਰੋ ਟ੍ਰਾਂਸਪਲਾਂਟ ਜਾਂ ਕੈਂਸਰ ਦੇ ਇਲਾਜ ਨਾਲ਼ ਜਿਉਂ ਰਹੇ ਲੋਕ

## ਇਸ ਦੀ ਰੋਕਥਾਮ ਕਿਵੇਂ ਹੁੰਦੀ ਹੈ?

NSW ਵਿੱਚ Hib ਵੈਕਸੀਨ ਦੀਆਂ ਚਾਰ ਖ਼ੁਰਾਕਾਂ ਦੋ, ਚਾਰ, ਛੇ ਅਤੇ ਬਾਰਾਂ ਮਹੀਨਿਆਂ ਦੀ ਉਮਰ ਦੇ ਬੱਚਿਆਂ ਲਈ ਸਿਫ਼ਾਰਸ਼ ਕੀਤੀਆਂ ਜਾਂਦੀਆਂ ਹਨ।

## ਇਸ ਰੋਗ ਦੀ ਪਛਾਣ ਕਿਵੇਂ ਹੁੰਦੀ ਹੈ?

ਤੁਹਾਡਾ ਡਾਕਟਰ Hib ਰੋਗ ਦੀ ਤਸ਼ਖ਼ੀਸ (ਜਾਂ ਪਛਾਣ) ਤੁਹਾਡੇ ਲੱਛਣਾਂ, ਇੱਕ ਨਿਰੀਖਣ ਅਤੇ ਕੁੱਝ ਟੈਸਟ ਕਰਕੇ ਕਰ ਸਕਦਾ ਹੈ। ਇਨ੍ਹਾਂ ਟੈਸਟਾਂ ਵਿੱਚ ਤੁਹਾਡੇ ਸਰੀਰ ਦੇ ਛੂਤਗ੍ਰਸਤ ਹਿੱਸੇ ਵਿੱਚੋਂ ਬੈਕਟੀਰੀਆ ਲਈ ਟੈਸਟ ਵਾਸਤੇ ਨਮੂਨੇ (ਉਦਾਹਰਣ ਵਜੋਂ ਖ਼ੂਨ ਜਾਂ ਸੈਰੀਬਰੋਸਪਾਈਨਲ ਤਰਲ ਪਦਾਰਥ) ਲੈਣਾ ਸ਼ਾਮਲ ਹੋ ਸਕਦਾ ਹੈ।

## ਇਸ ਦਾ ਇਲਾਜ ਕਿਵੇਂ ਹੁੰਦਾ ਹੈ?

ਇਲਾਜ ਵਿੱਚ ਐਂਟੀਬਾਇਓਟਿਕਸ, ਬੁਖ਼ਾਰ ਅਤੇ ਦਰਦ 'ਤੇ ਕਾਬੂ ਪਾਉਣ ਲਈ ਦਵਾਈ (ਜਿਵੇਂ ਕਿ ਪੈਰਾਸੀਟਾਮੋਲ), ਅਤੇ ਸਰੀਰ ਵਿੱਚੋਂ ਪਾਣੀ ਦੀ ਕਮੀ ਦੀ ਰੋਕਥਾਮ ਲਈ ਤਰਲ ਪਦਾਰਥ ਸ਼ਾਮਿਲ ਹੁੰਦੇ ਹਨ।

## ਜਨ ਸਿਹਤ ਦਾ ਹੁੰਗਾਰਾ ਕੀ ਹੈ?

Hib ਰੋਗ ਦੇ ਕੇਸਾਂ ਬਾਰੇ ਹਸਪਤਾਲਾਂ ਅਤੇ ਲੈਬਾਰਟਰੀਜ਼ ਨੂੰ ਜ਼ਰੂਰ ਹੀ ਗੁਪਤ ਤੌਰ 'ਤੇ ਸਥਾਨਕ ਜਨ ਸਿਹਤ ਇਕਾਈ (Public Health Unit) ਨੂੰ ਸੂਚਿਤ ਕਰਨਾ ਹੋਵੇਗਾ। ਜਨ ਸਿਹਤ ਇਕਾਈ ਦਾ ਸਟਾਫ਼, ਡਾਕਟਰ, ਰੋਗੀ ਜਾਂ ਰੋਗੀ ਦੇ ਪਰਿਵਾਰ ਨਾਲ ਰਲ ਕੇ ਕੰਮ ਕਰੇਗਾ ਤਾਂ ਜੋ ਛੂਤ ਦੇ ਖਤਰੇ 'ਚ ਆ ਸਕਣ ਵਾਲੇ ਨੇੜਲੇ ਵਿਅਕਤੀਆਂ ਦੀ ਸ਼ਨਾਖ਼ਤ ਹੋ ਸਕੇ ਅਤੇ ਖ਼ਤਰੇ 'ਚ ਰਹਿ ਰਹੇ ਵਿਅਕਤੀਆਂ ਨੂੰ ਰੋਗ ਬਾਰੇ ਜਾਣਕਾਰੀ ਮਿਲ ਸਕੇ, ਅਤੇ ਜੇ ਜ਼ਰੂਰਤ ਹੋਵੇ, ਤਾਂ ਵਿਸ਼ੇਸ਼ ਐਂਟੀਬਾਇਓਟਿਕਸ ਵੀ ਦਿੱਤੇ ਜਾ ਸਕਣ।

## ਹੋਰ ਜਾਣਕਾਰੀ – NSW ਵਿੱਚ ਜਨ ਸਿਹਤ ਇਕਾਈਆਂ



**1300 066 055** **www.health.nsw.gov.au**